# ਮਿਸਤਰੀ ਰਾਮ ਲਾਲ

ਮੁੱਢਲੇ ਸ਼ਬਦ : ਹਰ ਇਕ ਕੰਮ ਕਰਨ ਵਾਸਤੇ ਉਹਦੀ ਵਿਉਂਤ ਬਣਾਈ ਜਾਂਦੀ ਹੈ, ਮਿਸਤਰੀ ਕੋਲੋਂ ਮਕਾਨ ਬਣਾਉਣ ਲਈ ਮਿਸਤਰੀ ਨੂੰ ਮਕਾਨ ਦਾ ਨਕਸ਼ਾ ਮੁਹੱਈਆ ਕੀਤਾ ਜਾਂਦਾ ਹੈ। ਪੁਰਾਤਨ ਇਮਾਰਤਕਾਰੀ ਤੋਂ ਲੈ ਕੇ ਹੁਣ ਦੀਆਂ ਬਣੀਆਂ ਨਵੀਆਂ ਬਿਲਡਿੰਗਾਂ ਇਮਾਰਤਕਾਰੀ ਦੇ ਵੱਧਦੇ ਕਦਮਾਂ ਦੀ ਦਾਸਤਾਨ ਹੈ। ਪਰ ਇਹ ਵੀ ਇਕ ਸੁਖਾਂਤ ਹੈ ਅਤੇ ਦੁਖਾਂਤ ਵੀ ਹੈ ਕਿ ਅਸਮਾਨ ਛੂੰਹਦੀਆਂ ਉੱਚੀਆਂ ਬਿਲਡਿੰਗਾਂ ਬਣਾਉਣ ਵਾਲੇ ਮਜ਼ਦੂਰ ਹਾਲੀ ਵੀ ਝੁੱਗੀਆਂ ਵਿਚ ਰਹਿੰਦੇ ਨੇ। ਉਹਨਾਂ ਦੇ ਨੰਗੇ ਧੜ ਤਾਂ ਬੱਚੇ ਸੜਕੇ 'ਤੇ ਖੇਡਦੇ ਹਨ। ਉਹਲਾਂ ਦੇ ਝੁੱਗੀ ਨੁਮਾਂ ਘਰ ਬਸ ਇੱਟਾ ਜੋੜਕੇ ਬਣੇ ਹੁੰਦੇ ਹਨ। ਉਨ੍ਹਾਂ ਦੇ ਘਰਾਂ ਦੀਆਂ ਛੱਤਾਂ ਟੀਨ ਦੀਆਂ ਜਾਂ ਤਰਪਾਲ ਦੀਆਂ ਹੁੰਦੀਆਂ ਹਨ। ਕੰਧਾਂ ਦੀ ਕੋਈ ਨੀਂਹ ਨਹੀਂ ਹੁੰਦੀ। ਫਰਸ਼ ਕੱਚੇ ਹੁੰਦੇ ਹਨ, ਛੱਤ ਬਸ ਏਨੀ ਹੀ ਉੱਚੀ ਹੁੰਦੀ ਹੈ ਕਿ ਬੰਦਾ ਮਸਾਂ ਸਿੱਧਾ ਖਲੋ ਸਕਦਾ ਹੋਵੇ। ਅੱਜ ਵਿਸ਼ਵਕਰਮਾ ਵਾਲੇ ਦਿਨ ਜਿਥੇ ਅਸੀਂ ਕਾਰੀਗਰ ਦੇ ਔਜ਼ਾਰਾਂ ਦੀ ਪੂਜਾ ਕਰਦੇ ਹਾਂ ਉਥੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸੋਚੀਏ ਕਿ ਸਾਡੇ ਮਜ਼ਦੂਰਾਂ ਦੇ ਰਹਿਣ ਲਈ ਮਕਾਨ ਕਿਉਂ ਨਹੀਂ ? ਇਹ ਸੋਚ ਹੀ ਇਸ ਨਾਟਕ ਦਾ ਵਾਧਾ ਹੈ।

*(ਨਾਟਕ ਸ਼ੁਰੂ ਹੋਣ 'ਤੇ ਮਿਸਤਰੀ ਦਾ ਪੁੱਤਰ ਮੰਚ 'ਤੇ ਆਉਂਦਾ ਹੈ ਅਤੇ ਦਰਸ਼ਕਾਂ ਨੂੰ ਸੰਬੋਧਨ ਹੁੰਦਾ ਹੈ)*

ਪੁੱਤਰ : ਮੇਰਾ ਨਾਂ ਸ਼ਮੀ ਗੌਰਵ ਹੈ, ਤੁਸੀਂ ਕਹੋਗੇ ਬੜਾ ਫ਼ਿਲਮੀ ਹੀਰੋਆਂ ਵਾਲਾ ਨਾਂ ਏ... ਸ਼ਮੀ ਕਪੂਰ, ਸ਼ਮੀ ਬਤਰਾ, ਸ਼ਮੀ ਮਹੀਪਾਲ... ਮੇਰੇ ਮਾਪੇ ਮੈਨੂੰ ਸ਼ਮੀ ਹੀ ਕਹਿੰਦੇ ਨੇ। ਇਹ ਗੌਰਵ ਸ਼ਬਦ ਮੈਂ ਆਪਣੇ ਨਾਂ ਨਾਲ ਆਪ ਲਾਇਆ ਹੈ। ਗੌਰਵ ਦਾ ਮਤਲਬ ਏ ਫ਼ਖਰ, ਮਾਣ। ਇਹ ਲਫਜ਼ ਮੈਂ ਆਪਣੇ ਨਾਂ ਨਾਲ ਤਾਂ ਹੀ ਲਗਾਇਆ ਹੈ ਕਿ ਮੈਨੂੰ ਕਿਸੇ ਕਿਸਮ ਦਾ ਹੀਣਤਾ ਦਾ ਅਹਿਸਾਸ ਨਾ ਹੋਵੇ। ਮੈਂ ਇਕ ਰਾਜ ਮਿਸਤਰੀ ਦਾ ਪੁੱਤਰ ਹਾਂ। ਮੇਰੀ ਮਾਂ ਕਿਸੇ ਵੇਲੇ ਇੱਟਾਂ ਢੋਣ ਵਾਲੀ ਇਕ ਮਜ਼ਦੂਰ ਔਰਤ ਸੀ। ਮੇਰਾ ਬਾਪ ਵੀ ਪਹਿਲੇ ਪਹਿਲੇ ਇੱਟਾਂ ਢੋਂਦਾ ਸੀ, ਫੇਰ ਹੋਲੇ ਹੋਲੇ ਮਿਸਤਰੀ ਬਣ ਗਿਆ। ਵੱਡੀਆਂ ਵੱਡੀਆਂ ਬਿਲਡਿੰਗਾਂ ਦੀ ਉਸਰੀ ਵਿਚ ਉਹਨੇ ਕੰਮ ਕੀਤਾ। ਉਹ ਪੜ੍ਹਿਆ

ਨਹੀਂ, ਪਰ ਜੇ ਉਹਨੂੰ ਨਕਸ਼ਾ ਸਮਝਾ ਦਿਓ ਤਾਂ ਉਹ ਮੁਸ਼ਕਿਲ ਤੋਂ ਮੁਸ਼ਕਿਲ ਕੰਮ ਨੂੰ ਸਿਰੇ ਚੜ੍ਹਾ ਲੈਂਦਾ ਹੈ। ਮੇਰਾ ਬਾਪ ਇਕ ਠੇਕੇਦਾਰ ਨਾਲ ਕੰਮ ਕਰਦਾ ਹੈ। ਬੜੇ ਸਾਲਾਂ ਤੋਂ ਕਰ ਰਿਹਾ ਹੈ। ਠੇਕੇਦਾਰ ਨਾਲ ਉਹਦੀ ਬਣਦੀ ਨਹੀਂ, ਪਰ ਇਹ ਵੀ ਸਚਾਈ ਹੈ ਕਿ ਠੇਕੇਦਾਰ ਦਾ ਉਹਦੇ ਬਿਨਾਂ ਗੁਜ਼ਾਰਾ ਨਹੀਂ ਤੇ ਉਹਦਾ ਵੀ ਠੇਕੇਦਾਰ ਬਿਨਾਂ ਗੁਜ਼ਾਰਾ ਨਹੀਂ।

*(ਗੌਰਵ ਇਕ ਪਾਸੇ ਤੋਂ ਬਾਹਰ ਜਾਂਦਾ ਹੈ, ਠੇਕੇਦਾਰ ਅਤੇ ਮਿਸਤਰੀ ਗੱਲਾਂ ਕਰਦੇ ਆਉਂਦੇ ਹਨ।)*

ਠੇਕੇਦਾਰ : ਮਿਸਤਰੀ ਰਾਮ ਲਾਲ ਟੈਂਡਰ ਮਨਜ਼ੂਰ ਹੋ ਗਿਆ ਹੈ, ਕੱਲ ਤੋਂ ਕੰਮ ਸ਼ੁਰੂ ਕਰਨਾ ਏ।

ਮਿਸਤਰੀ : ਠੀਕ ਏ, ਪਰ ਮੈਂ ਇਕ ਅਰਜ਼ ਕਰਨੀ ਏ।

ਠੇਕੇਦਾਰ : ਕੀ ਅਰਜ਼ ਕਰਨੀ ਏ ?

ਮਿਸਤਰੀ : ਨਵਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਦਿਹਾੜੀ ਬਾਰੇ, ਕੰਮ ਦੇ ਘੰਟਿਆਂ ਅਤੇ ਛੁੱਟੀ ਬਾਰੇ ਫ਼ੈਸਲਾ ਕਰਨਾ ਜ਼ਰੂਰੀ ਏ।

ਠੇਕੇਦਾਰ : ਕਿਉਂ ਅੱਗੇ ਮੈਂ ਕਦੀ ਤੇਰਾ ਹੱਕ ਰੱਖਿਆ ਏ ?

ਮਿਸਤਰੀ : ਪਹਿਲਾਂ ਤਾਂ ਮੈਂ ਇਹੀ ਸੋਚਦਾ ਸਾਂ ਕਿ ਤੁਸਾਂ ਮੇਰਾ ਹੱਕ ਕਦੀ ਨਹੀਂ ਰੱਖਿਆ, ਪਰ ਜਦੋਂ ਦਾ ਮੇਰੇ ਪੁੱਤਰ ਨੇ ਮੈਨੂੰ ਸਮਝਾਇਆ ਏ, ਮੈਨੂੰ ਲੱਗਣ ਲੱਗ ਪਿਆ ਏ ਕਿ ਮੈਨੂੰ ਮੇਰਾ ਹੱਕ ਨਹੀਂ ਮਿਲ ਰਿਹਾ।

ਠੇਕੇਦਾਰ : ਕਿਉਂ ਹੁਣ ਕਿਹੜੀ ਬਿੱਲੀ ਨਿੱਛ ਗਈ ਏ ?

ਮਿਸਤਰੀ : ਬਿੱਲੀ ਤਾਂ ਨਹੀਂ ਨਿੱਛੀ ਪਰ ਮੇਰਾ ਪੁੱਤਰ ਕਹਿੰਦਾ ਏ... ..

ਠੇਕੇਦਾਰ : ਕੀ ਕਹਿੰਦਾ ਏ ?

ਮਿਸਤਰੀ : ਕਹਿੰਦਾ ਏ ਬਾਪੂ ਕਦੀ ਤੂੰ ਸੋਚਿਆ ਏ ਕਿ ਤੂੰ ਏਨੀਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਬਣਾ ਲਈਆਂ ਨੇ ਪਰ ਤੇਰੇ ਆਪਣੇ ਰਹਿਣ ਲਈ ਇਕ ਕੋਠੜੀ ਵਾਲਾ ਘਰ ਹੀ ਕਿਉਂ ਏ ? ਕੋਠੜੀ ਵੀ ਉਹ ਜਿਸਦਾ ਫਰਜ਼ ਟੁੱਟਾ ਹੋਇਆ ਏ। ਕੰਧਾਂ ਭੁਰ-ਭੁਰ ਕਰਦੀਆਂ ਨੇ, ਛੱਤ ਮੀਂਹ ਵਿਚ ਚੌਂਦੀ ਕਿਉਂ ਏਂ ?

ਠੇਕੇਦਾਰ : ਤੂੰ ਫੇਰ ਕੀ ਕਿਹਾ ?

ਮਿਸਤਰੀ : ਮੈਂ ਕੀ ਕਹਿਣਾ ਸੀ ?

ਠੇਕੇਦਾਰ : ਕਿਉਂ ? ਕਹਿ ਦੇਂਦਾ, ਜਿਸ ਤਰ੍ਹਾਂ ਲੋਕ ਕਹਿੰਦੇ ਨੇ ਕਿ ਇਹ ਸਭ ਕਿਸਮਤ ਦੀਆਂ ਖੇਡਾਂ ਨੇ, ਉੱਪਰ ਵਾਲੇ ਦੀਆਂ ਉੱਪਰ ਵਾਲਾ ਹੀ ਜਾਣਦਾ ਏ, ਵਗੈਰਾ... ਵਗੈਰਾ, ਮੁੰਡਾ ਤੇਰਾ ਕੋਈ ਬਹੁਤਾ ਹੀ ਸੋਚਣ ਲੱਗ ਪਿਆ ਏ। ਉਹਨੂੰ ਨਹੀਂ ਪਤਾ ਕਿ ਜਿਸ ਕੋਠੜੀ ਵਿਚ

ਤੂੰ ਰਹਿਣਾ ਏਂ ਤੇਰਾ ਬਾਪ ਵੀ ਉਥੇ ਰਹਿੰਦਾ ਸੀ, ਤੇਰੇ ਬਾਪ ਦਾ ਬਾਪ ਵੀ ਉਥੇ ਰਹਿੰਦਾ ਸੀ। ਉਹ ਸ਼ੁਕਰ ਕਰੇ ਕਿ ਉਹਨੂੰ ਸਿਰ ਦੀ ਛੱਤ ਮਿਲੀ ਏ, ਉਸਦੇ ਬਾਪ ਦਾਦਿਆਂ ਨੇ ਵੀ ਇਸੇ ਤਰ੍ਹਾਂ ਹੀ ਗੁਜ਼ਾਰੀ ਏ, ਉਹ ਵੀ ਗੁਜ਼ਾਰ ਲਵੇ।

ਮਿਸਤਰੀ : ਪਰ ਮੇਰਾ ਪੁੱਤਰ ਕਹਿੰਦਾ ਏ ਕਿ ਉਹ ਇਸ ਤਰ੍ਹਾਂ ਨਈਂ ਗੁਜ਼ਾਰੇਗਾ, ਜਿਸ ਤਰ੍ਹਾਂ ਮੈਂ ਗੁਜ਼ਾਰੀ ਏ ਜਾਂ ਮੇਰੇ ਬਾਪ ਨੇ ਗੁਜ਼ਾਰੀ ਏ ਜਾਂ ਮੇਰੇ ਬਾਪ ਦੇ ਬਾਪ ਨੇ ਗੁਜ਼ਾਰੀ ਏ...

ਠੇਕੇਦਾਰ : (ਵਿਅੰਗ ਨਾਲ) ਕਿਉਂ ਉਹ ਹੁਣ ਡਿਪਟੀ ਲੱਗ ਗਿਆ ਏ ?

ਮਿਸਤਰੀ : ਉਹ ਕਹਿੰਦਾ ਏ ਜਦੋਂ ਬੰਦੇ ਨੂੰ ਸੂਝ ਆ ਜਾਏ ਤਾਂ ਉਹ ਕਿਸੇ ਡਿਪਟੀ ਤੋਂ ਘੱਟ ਨਹੀਂ ਹੁੰਦਾ ਤੇ ਇਹ ਗੱਲ ਉਹਦੇ ਮਾਸਟਰ ਜੀ ਨੇ ਉਹਨੂੰ ਸਮਝਾਈ ਏ।

ਠੇਕੇਦਾਰ : ਫੇਰ ਹੁਣ ਤੂੰ ਚਾਹੁੰਦਾ ਕੀ ਏ ?

ਮਿਸਤਰੀ : ਮੈਂ ਇਹ ਚਾਹੁੰਦਾ ਹਾਂ ਕਿ ਜਦੋਂ ਤੁਹਾਡੀ ਇਹ ਬਿਲਡਿੰਗ ਦੀ ਉਸਾਰੀ ਖਤਮ ਹੋਵੇ ਤਾਂ ਉਦੋਂ ਤੱਕ ਮੈਂ ਵੀ ਆਪਣਾ ਇਕ ਘਰ ਬਣਾ ਲਵਾਂ, ਸਾਰੀਆਂ ਸਹੂਲਤਾਂ ਵਾਲਾ ਇਕ ਘਰ।

ਠੇਕੇਦਾਰ : ਸਾਰੀਆਂ ਸਹੂਲਤਾਂ ਵਾਲਾ ਘਰ ? ਕੀ ਮਤਲਬ ?

ਮਿਤਸਰੀ : ਜਿਸ ਦਾ ਕਮਰਾ ਭਾਵੇਂ ਇਕ ਹੀ ਹੋਵੇ, ਪਰ ਉਸ ਦੀ ਵੱਖਰੀ ਰਸੋਈ ਹੋਵੇ, ਪਰਦੇ ਵਾਲਾ ਗੁਸਲਖਾਨਾ ਹੋਵੇ, ਲੈਟਰੀਨ ਹੋਵੇ ਜਿਹੜੀ ਪਾਣੀ ਦੀ ਬਾਲਟੀ ਸੁੱਟਣ ਨਾਲ ਸਾਫ਼ ਹੋ ਜਾਵੇ।

ਠੇਕੇਦਾਰ : ਕਿਉਂ ਹੁਣ ਤੇਰੀ ਲੈਟਰੀਨ ਬੰਦ ਹੋਈ ਪਈ ਏ, ਨਿਕਲਦੀ ਨਹੀਂ ?

ਮਿਸਤਰੀ : ਹਾਂ ਨਹੀਂ ਨਿਕਲਦੀ।

ਠੇਕੇਦਾਰ : ਤੇ ਪਰਦੇ ਵਾਲਾ ਗੁਸਲਖਾਨਾ ?

ਮਿਸਤਰੀ : ਹਾਂ ਮੇਰੇ ਮੁੰਡੇ ਨੇ ਮੈਨੂੰ ਦੱਸਿਆ ਏ, ਅੱਗੋਂ ਉਹਦੇ ਮਾਸਟਰ ਨੇ ਉਹਨੂੰ ਦੱਸਿਆ ਏ ਕਿ ਨਹਾਉਣ ਦਾ ਮਤਲਬ ਹੁੰਦਾ ਏ ਜਿਸਮ ਦੇ ਉਹਨਾਂ ਅੰਗਾਂ ਦੀ ਸਫ਼ਾਈ ਜਿਹੜੇ ਪਰਦਾ ਮੰਗਦੇ ਨੇ... ਭਲਾ ਉਹ ਨਹਾਉਣਾ ਕੀ ਨਹਾਉਣਾ ਹੋਇਆ ਕਿ ਮੰਜੀ ਦਾ ਉਹਲਾ ਕਰਕੇ ਧੋਤੀ ਲਾਹੇ ਬਿਨਾਂ ਪਾਣੀ ਦੀ ਗੜਵੀ ਸੁੱਟ ਕੇ ਸਰੀਰ ਗਿੱਲਾ ਕਰ ਲਵੋ ਜਾਂ ਪਰਨਾ ਤੇੜ ਲਾ ਕੇ ਜਾਂ ਕੱਛਾ ਪਾ ਕੇ ਨਲਕੇ ਥੱਲ ਬਹਿ ਜਾਵੋ... ਸਮਝੋ ਨਹਾ ਲਿਆ ਏ...

ਠੇਕੇਦਾਰ : ਅੱਛਾ, ਅੱਛਾ ਇਹਨਾਂ ਗੱਲਾਂ ਬਾਰੇ ਵੀ ਸੋਚਾਂਗੇ ਹਾਲੀ ਏਨਾਂ ਹੀ ਏ ਕਿ ਕੱਲ ਤੋਂ ਤੂੰ ਕੰਮ 'ਤੇ ਆਉਣਾ ਹੈ ਕੋਈ ਪੇਸ਼ਗੀ ਦੀ ਲੋੜ ਹੈ ਤਾਂ ਦੱਸ।

ਮਿਸਤਰੀ : ਜੀ ਹਿਸਾਬ ਕਰਕੇ ਦੱਸਾਂਗਾ ਕਿ ਕਿੰਨੀ ਲੋੜ ਏ।

ਠੇਕੇਦਾਰ : ਹਿਸਾਬ?

ਮਿਸਤਰੀ : ਆਹੋ ਹਿਸਾਬ, ਜਦੋਂ ਤੁਹਾਡੀ ਬਿਲਡਿੰਗ ਦੀਆਂ ਨੀਹਾਂ ਮੁਕੰਮਲ ਹੋਣ ਤਾਂ ਮੇਰੇ ਮਕਾਨ ਦੀ ਨੀਂਹ ਵੀ ਮੁਕੰਮਲ ਹੋ ਜਾਏ, ਜਦੋਂ ਤੁਹਾਡੀ ਇਕ ਮੰਜ਼ਿਲ ਬਣ ਜਾਏ ਤਾਂ ਮੇਰਾ ਇਕ ਕਮਰਾ ਮੁਕੰਮਲ ਹੋਏ, ਤੁਹਾਡੀ ਦੂਜੀ ਮੰਜ਼ਿਲ ਬਣੇ ਤਾਂ ਮੇਰੇ ਘਰ ਦਾ ਚੁਬਾਰਾ ਵੀ ਬਣ ਜਾਏ ਜਿਥੇ ਮੇਰੇ ਮੁੰਡੇ ਦੇ ਪੜ੍ਹਣ ਦਾ ਇੰਤਜ਼ਾਮ ਹੋਵੇ, ਹੁਣ ਉਹ ਰਾਤ ਪਾਰਕ ਦੇ ਲੈਂਪ ਥੱਲੇ ਜਾ ਕੇ ਪੜ੍ਹਦਾ ਏ।

ਠੇਕੇਦਾਰ : ਉਏ ਕੰਜ਼ਰਾ ਇਮਾਰਤਸਾਜ਼ ਤੋਂ ਤੂੰ ਸੁਪਨੇਸਾਜ਼ ਕਦੋਂ ਦਾ ਹੋ ਗਿਆ ਏਂ? ਆਪਣੇ ਪੁੱਤਰ ਦਾ ਖਿਆਲ ਰੱਖ ਉਹ ਪਾਰਕ ਲੈਂਪ ਥੱਲੇ ਪੜ੍ਹਣ ਨਹੀਂ ਜਾਂਦਾ ਸਗੋਂ ਕਿਸੇ ਦੋਸਤ ਦੇ ਘਰ ਟੀ.ਵੀ. ਵੇਖਣ ਜਾਂਦਾ ਹੋਣਾ ਏ, ਨੰਗੀਆਂ ਮੇਮਾਂ ਨਹਾਉਂਦੀਆਂ ਵੇਖਦਾ ਏ ਤਾਂਹੀਓ ਕਹਿੰਦਾ ਏ ਕਿ ਉਹਦੇ ਘਰ 'ਚ ਵੀ ਗੁਸਲਖਾਨਾ ਹੋਵੇ, ਫਲੱਸ਼ ਵਾਲੀ ਲੈਟਰੀਨ ਹੋਵੇ... (ਗੱਲ ਬਦਲਕੇ) ਚੱਲ ਸਭ ਕੁਝ ਹੋ ਜਾਏਗਾ ਤੇ ਹੋਰ ਸੁਣ ਬਿਲਡਿੰਗ ਸ਼ੁਰੂ ਕਰਨ ਦੀ ਖੁਸ਼ੀ ਵਿਚ ਰਾਤੀ ਜਸ਼ਨ ਹੋਵੇਗਾ... ਲੁਧਿਆਣੇ ਤੋਂ ਗਾਉਣ ਵਾਲੀ ਜੋੜੀ ਆਉਣੀ ਏ, ਤੂੰ ਵੀ ਆਈਂ... ਦਾਰੂ ਦੀਆਂ ਦੋ ਪੇਟੀਆਂ ਵੀ ਮੰਗਵਾਈਆਂ ਨੇ, ਹੁਣ ਇਹ ਨਾ ਆਖੀਂ ਕਿ ਤੇਰੇ ਮੁੰਡੇ ਨੇ ਤੈਨੂੰ ਦਾਰੂ ਪੀਣ ਤੋਂ ਮਨ੍ਹਾ ਕੀਤਾ ਏ... ਤੇ ਸੁਣ ਮੁੰਡਿਆਂ ਦੀਆਂ ਗੱਲਾਂ ਨਹੀਂ ਮੰਨੀਦੀਆਂ... ਤੇਰਾ ਮੁੰਡਾ ਹਾਲੀ ਨਿਆਣਾ ਏ, ਉਹਨੂੰ ਕੀ ਪਤਾ ਦਾਰੂ ਪੀ ਕੇ ਬੜਕ ਮਾਰਨ 'ਚ ਕੀ ਸੁਆਦ ਏ? ਲੰਮੀ ਲਪੇਟਵੀਂ ਗਾਲ੍ਹ ਦਾ ਕੀ ਮਤਲਬ ਏ? ਪੀਤੀ ਹੋਵੇ ਤਾਂ ਘਰ ਜਾ ਕੇ ਘਰਵਾਲੀ ਨੂੰ ਕੁੱਟਣ ਦਾ ਕੀ ਸੁਆਦ ਏ... ਉਹ ਤਾਂ ਨਿਆਣਾ ਏ, ਤੂੰ ਤਾਂ ਨਿਆਣਾ ਨਹੀਂ... (ਜਾਂਦਾ ਜਾਂਦਾ, ਆਪਣੇ ਆਪ ਵਿਚ) ਹਾਲੇ ਜੰਮੇ ਨਹੀਂ, ਮੁਕਾਬਲੇ ਵੱਡਿਆਂ ਦੇ ਕਰਦੇ ਨੇ...

*(ਮਿਸਤਰੀ ਇਕ ਪਾਸੇ ਤੇ ਠੇਕੇਦਾਰ ਦੂਜੇ ਪਾਸੇ ਜਾਂਦਾ ਹੈ) ਟਿੱਡਿਆਂ ਨੂੰ ਵੀ ਪਰ ਲੱਗ ਗਏ ਨੇ, ਫਲੱਸ਼ ਵਾਲੀ ਲੈਟਰੀਨ ਚਾਹੀਦੀ ਏ, ਪਰਦੇ ਵਾਲਾ ਗੁਸਲਖਾਨਾ ਚਾਹੀਦਾ ਹੈ, ਬਣਾਉਣੀਆਂ ਤੁਹਾਡੀਆਂ ਫਲੱਸ਼ਾਂ... ਜਾਤ ਦੀਆਂ ਕੋੜ੍ਹਕਿਰਲੀਆਂ ਸ਼ਤੀਰਾਂ ਨੂੰ ਜੱਫੇ... ਮੁੰਡਾ ਮੰਚ 'ਤੇ ਆਉਂਦਾ ਹੈ ਤੇ ਦਰਸ਼ਕਾਂ ਨੂੰ ਸੰਬੋਧਨ ਹੁੰਦਾ ਹੈ।)*

ਮੁੰਡਾ : ਠੇਕੇਦਾਰ ਬਾਪੂ ਦੀਆਂ ਗੱਲਾਂ ਸੁਣਕੇ ਹੈਰਾਨ ਵੀ ਹੋਇਆ ਹੈ ਤੇ

ਉਹਨੇ ਟਿਚਕਰ ਵੀ ਕੀਤੀ ਹੈ, ਪਰ ਮੇਰੇ ਲਈ ਹੁਣ ਇਹ ਸਭ ਕੁਝ ਟਿਚਕਰ ਨਹੀਂ। ਮੈਂ ਜਾਣ ਗਿਆ ਹਾਂ ਇਹ ਜੋ ਸਾਰਾ ਵਰਤਾਰਾ ਚੱਲ ਰਿਹਾ ਹੈ, ਇਹਦੇ ਵਿਚ ਇਕ ਹੀ ਕਿਸਮ ਦੇ ਲੋਕ ਹਨ, ਇਕ ਜਿਨ੍ਹਾਂ ਨੂੰ ਇਸ ਸਮਾਜ ਵਿਚ ਸਭ ਕੁਝ ਮਿਲਿਆ ਹੈ... ਸੁੱਖ, ਅਰਾਮ, ਐਸੋ ਇਸ਼ਰਤ... ਦੂਜੇ ਜਿਹਨਾਂ ਨੇ ਆਪਣੇ ਦੁੱਖ ਸੁੱਖ ਨੂੰ ਆਪਣੀ ਤਕਦੀਰ ਜਾਣ ਲਿਆ ਏ... ਤੇ ਤੀਜੇ ਉਹ ਜਿਹੜੇ ਇਹਦੇ ਵਿਚ ਤਬਦੀਲੀ ਮੰਗਦੇ ਨੇ, ਜਿਨ੍ਹਾਂ ਦਾ ਅਕੀਦਾ ਹੈ ਕਿ ਇਕ ਐਸਾ ਬਰਾਬਰੀ ਦਾ ਸਮਾਜ ਬਣੇ ਜਿਥੇ ਹਰ ਇਕ ਨੂੰ ਅੱਗੇ ਵੱਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਮਿਲਣ... ਨਾਟਕ ਅੱਗੇ ਤੁਰਦਾ ਹੈ...

ਮਿਸਤਰੀ : (ਆਪਣੇ ਆਪ ਨਾਲ ਗੱਲਾ ਕਰਦਾ ਹੈ, ਜਸ਼ਨ ਤੋਂ ਵਾਪਸ ਆਇਆ ਹੈ।) ਅਖੇ ਮਿਸਤਰੀ ਰਾਮ ਲਾਲ ਕੱਲ ਤੂੰ ਇਕ ਵੱਡੀ ਬਿਲਡਿੰਗ ਉਸਾਰਨ ਦਾ ਕੰਮ ਕਰਨਾ ਹੈ...ਸੱਤ ਮੰਜ਼ਿਲਾ ਬਿਲਡਿੰਗ... ਮੰਤਰੀ ਉਹਦਾ ਨੀਂਹ ਪੱਥਰ ਰੱਖੇਗਾ। ਉਹ ਕਿਉਂ ਰੱਖੇਗਾ ? ਲਾਲਿਆਂ ਦਾ ਪੁੱਤਰ ਭਾਵੇਂ ਪੈਸੇ ਦੇ ਜ਼ੋਰ ਨਾਲ ਮੰਤਰੀ ਬਣ ਗਿਆ ਏ, ਤੱਕੜੀ 'ਚ ਸੌਦਾ ਤੋਲਣ ਵਾਲਾ... ਉਹ ਕਿਉਂ ਨੀਂਹ ਪੱਥਰ ਰੱਖੇਗਾ ? ਨੀਂਹ ਪੱਥਰ ਮੈਂ ਰੱਖਾਂਗਾ ਤੇ ਕਰਾਂਡੀ ਨਾਲ ਪਲਸਤਰ ਲਾਵਾਂਗਾ, ਕਰਾਂਡੀ ਇਕ ਮਿਸਤਰੀ ਦਾ ਔਜ਼ਾਰ, ਉਹ ਉਹਨੂੰ ਸਲਾਮ ਕਰਦਾ ਏ, ਸਤਿਕਾਰਦਾ ਏ... ਵਿਸ਼ਕਰਮਾ ਵਾਲੇ ਦਿਨ ਉਹਦੀ ਪੂਜਾ ਕਰਦਾ ਏ... ਭਲਾ ਮੰਤਰੀ ਕਿਉਂ ਨੀਂਹ ਪੱਥਰ ਰੱਖੇਗਾ, ਜਿਹਨੂੰ ਇਹ ਪਤਾ ਨਹੀਂ ਕਿ ਮਸਾਲਾ ਬਣਾਉਣ ਵੇਲੇ ਸੀਮੇਂਟ ਕਿੰਨਾ ਪਾਉਣਾ ਏ... ਉਹ ਨੀਂਹ ਪੱਥਰ ਰਖੇਗਾ ? ਹੂੰ... ਫੇਰ ਵੱਡੀ ਬਿਲਡਿੰਗ ਬਣੇਗੀ, ਪੌੜੀਆ ਦੇ ਨਾਲ ਨਾਲ ਲਿਫਟ ਬਣੇਗੀ, ਮੋਟੇ ਢਿੱਡਾਂ ਵਾਲੇ ਲਾਲੇ ਪੌੜੀਆਂ ਨਹੀਂ ਚੜ੍ਹ ਸਕਦੇ, ਉਹਨਾਂ ਨੂੰ ਸਾਹ ਚੜ੍ਹ ਜਾਂਦਾ ਹੈ, ਦਿਲ ਧੱਕ-ਧੱਕ ਕਰਦਾ ਏ, ਉੱਪਰ ਜਾਣ ਲਈ ਲਿਫਟ ਲਗੇਗੀ, ਵਾਹ ਦੁਨੀਆ ਕਿਥੇ ਦੀ ਕਿਥੇ ਪੁੱਜ ਗਈ ਏ, ਬਟਨ ਦਬਾਓ ਉੱਤੇ ਚੜ੍ਹ ਜਾਓ... ਬਟਨ ਦਬਾਓ ਥੱਲੇ ਆ ਜਾਓ... ਰਾਮ ਲਾਲ ਮਿਸਤਰੀ ਇਹ ਸਭ ਕੁਝ ਤੂੰ ਬਣਾਏਂਗਾ ਪਰ ਤੇਰਾ ਆਪਣਾ ਘਰ, ਇਕ ਢਾਰੇ ਵਰਗਾ ਘਰ ਸੱਤ ਫੁੱਟ ਉੱਚਾ, ਤੂੰ ਸੱਤ ਮੰਜ਼ਿਲਾਂ ਉੱਚੀਆਂ ਬਿਲਡਿੰਗਾਂ ਬਣਾਉਣ ਵਾਲਾ... 'ਇਹ ਦੁਨੀਆ ਬਨਾਣੇ ਵਾਲੇ ਯੇਹ ਤੁੰਮ ਨੇ ਕੈਸੀ ਦੁਨੀਆ ਬਣਾਈ'... ਤੂੰ ਬਿਲਡਿੰਗ ਬਣਾਏਂਗਾ... ਜਿਸ ਦੇ ਸੰਗਮਰਮਰ ਦੇ ਫਰਸ਼ ਹੋਣਗੇ... ਸੰਗ ਦਾ ਮਤਲਬ ਪੱਥਰ.. ਮਰਮਰੀ ਪੱਥਰ, ਕਿਸੇ ਤੀਵੀ ਦੇ ਜਿਸਮ ਵਰਗੇ ਮੁਲਾਇਮ... ਉਹਨਾਂ

ਦੀਆਂ ਤੀਵੀਆਂ ਵੀ ਮੁਲਾਇਮ... ਫਰਸ਼ ਵੀ ਮੁਲਾਇਮ... ਮੈਂ ਨਹੀਂ ਬਣਾਵਾਂਗਾ ਉਹ ਘਰ, ਜਿੰਨਾ ਚਿਰ ਮੇਰਾ ਘਰ ਨਹੀਂ ਬਣਦਾ... ਮੁੰਡਾ ਠੀਕ ਕਹਿੰਦਾ ਏ... ਹਰ ਇਕ ਨੂੰ ਘਰ ਚਾਹੀਦਾ ਏ... ਇਹੀ ਸਮਾਜਿਕ ਇਨਸਾਫ਼ ਏ... ਇਹੀ ਬਰਾਬਰੀ ਏ... ਇਹ ਕਰਾਂਡੀ ਮੇਰੇ ਹੱਥ ਏ... ਮੰਤਰੀ ਦੇ ਹੱਥ ਨਹੀਂ... ਮੰਤਰੀ ਰੇਸ਼ਮੀ ਖੱਦਰ ਪਾਉਣ ਵਾਲਾ, ਪਖੰਡੀ... ਅਖੇ ਮਿਸਤਰੀ ਤੂੰ ਸੁਪਨੇਸਾਜ਼ ਹੋ ਗਿਆ ਏਂ, ਆਹੋ ਤਾਂਹੀ ਕੁਝ ਬਣਾਏਗਾ ਇਹ ਕਰਾਂਡੀ ਜ਼ਿੰਦਾਬਾਦ... ਮੇਹਨਤਕਸ਼ ਦਾ ਹਰ ਔਜ਼ਾਰ ਜ਼ਿੰਦਾਬਾਦ...ਵਿਸ਼ਵਕਰਮਾ ਜ਼ਿੰਦਾਬਾਦ...(ਬਾਹਰ ਜਾਂਦਾ ਹੈ)

*(ਮਾਂ ਤੇ ਪੁੱਤਰ ਦੀ ਵਾਰਤਾਲਾਪ ਦੀ ਝਾਕੀ)*

ਪੁੱਤਰ : ਮਾਂ, ਬਾਪੂ ਰਾਤ ਫੇਰ ਪੀ ਕੇ ਆਇਆ.. ਪਰ ਉਹਦੀ ਇਕ ਇਕ ਗੱਲ ਕਮਾਲ ਦੀ ਸੀ...

ਮਾਂ : ਤੂੰ ਵੀ ਬੜੇ ਮਜ਼ੇ ਨਾਲ ਸੁਣ ਰਿਹਾ ਸੀ।

ਪੁੱਤਰ : ਹਾਂ ਮੈਨੂੰ ਮਜ਼ਾ ਆ ਰਿਹਾ ਸੀ ਕਿਉਂਕਿ ਹਰ ਇਕ ਗੱਲ ਵਿਚ ਵੱਡਾ ਸੱਚ ਸੀ... ਮਾਂ... ਮੈਨੂੰ ਫ਼ਖ਼ਰ ਏ ਕਿ ਮੇਰਾ ਬਾਪ ਇਕ ਇਮਾਨਦਾਰ ਅਣਖ ਵਾਲਾ ਕਾਰੀਗਰ ਏ, ਪਰ ਹੈ ਬੜਾ ਗੁੱਸੇ ਵਾਲਾ, ਕਦੀ ਕਦੀ ਜਦੋਂ ਉਹ ਤੇਰੇ 'ਤੇ ਹੱਥ ਚੁੱਕਦਾ ਏ ਤਾਂ ਮੈਨੂੰ ਸਭ ਕੁਝ ਚੰਗਾ ਨਹੀਂ ਲੱਗਦਾ।

ਮਾਂ : ਤੂੰ ਬੁਰਾ ਨਾ ਮਨਾਇਆ ਕਰ, ਕਿਉਂਕਿ ਮੈਂ ਵੀ ਬੁਰਾ ਨਹੀਂ ਮੰਨਦੀ... ਉਹਦੇ ਹੱਥ ਚੁੱਕਣ ਨਾਲ ਮੇਰੀਆਂ ਬੜੀਆਂ ਯਾਦਾਂ ਜੁੜੀਆਂ ਹੋਈਆ ਨੇ।

ਪੁੱਤਰ : ਯਾਦਾਂ ?

ਮਾਂ : ਹਾਂ ਪੁੱਤਰ ਯਾਦਾਂ, ਉਹ ਦਿਨ ਮੈਨੂੰ ਕੱਲ ਵਾਕੁਣ ਯਾਦ ਏ... ਇਕ ਵੱਡੀ ਬਿਲਡਿੰਗ ਬਣ ਰਹੀ ਸੀ... ਮੈਂ ਉਥੇ ਇੱਟਾਂ ਢੋਂਦੀ ਸਾਂ, ਤੇਰਾ ਬਾਪੂ ਉਥੇ ਮਿਸਤਰੀ ਸੀ।

ਪੁੱਤਰ : ਮਾਂ, ਤੂੰ ਇੱਟਾਂ ਢੋਂਦੀ ਸੀ ?

ਮਾਂ : ਹਾਂ ਪੁੱਤਰ ਅਸੀਂ ਬੜੇ ਗਰੀਬ ਸਾਂ, ਮਾਂ ਹਮੇਸ਼ਾਂ ਬਿਮਾਰ ਰਹਿੰਦੀ, ਬਾਪ ਜੋ ਕਮਾਉਂਦਾ ਉਹਦੀ ਦਾਰੂ ਪੀ ਜਾਂਦਾ... ਸਿਰ 'ਤੇ ਇਨੂ ਰੱਖਕੇ ਮੈਂ ਇੱਟਾਂ ਢੋਂਦੀ ਸਾਂ, ਤੇਰਾ ਬਾਪੂ ਉਥੇ ਮਿਸਤਰੀ ਸੀ, ਬਾਪੂ ਕੰਧਾ ਚਿਣਦਾ, ਪਲਸਤਰ ਲਗਾਉਂਦਾ... ਠੇਕੇਦਾਰ ਦਾ ਮੁਨਸ਼ੀ ਸਾਰਾ ਹਿਸਾਬ-ਕਿਤਾਬ ਰੱਖਦਾ... ਸੁੱਕਾ ਸੜਿਆ, ਪਰ ਉਹਦੀ ਅੱਖ ਬੜੀ ਮੈਲੀ ਸੀ... ਮੇਰੀ ਉਮਰ ਉਸ ਵੇਲੇ ਸਾਰੀ 16 ਸਾਲ ਦੀ ਸੀ।

ਮੈਂ ਸਿਰ 'ਤੇ ਇੱਟਾਂ ਚੁੱਕੀ ਪੌੜੀਆਂ ਚੜ੍ਹ ਰਹੀ ਸਾਂ... ਵਲ ਖਾਂਦੀਆਂ ਪੌੜੀਆਂ। ਉਹਨੇ ਭੈੜੀ ਹਰਕਤ ਕਰਨੀ ਚਾਹੀ... ਮੈਂ ਉਹਨੂੰ ਪਰੇ ਧੱਕਿਆ, ਤੇਰਾ ਬਾਪੂ ਉਤੇ ਕੰਮ ਕਰਦਾ ਵੇਖ ਰਿਹਾ ਸੀ, ਉਹ ਉਸੇ ਵੇਲੇ ਥੱਲੇ ਆ ਗਿਆ, ਉਹਦੇ ਹੱਥ 'ਚ ਇੱਟਾਂ ਤੋੜਨ ਵਾਲੀ ਹਥੌੜੀ ਸੀ, ਉਹਨੇ ਮੁਨਸ਼ੀ ਨੂੰ ਲਲਕਾਰਿਆ। ਮੁਨਸ਼ੀ ਢੀਮਾਂ ਵਾਕੁਣ ਕਹਿਣ ਲੱਗਾ 'ਮਿਸਤਰੀ ਤੂੰ ਕਿਉਂ ਗੁੱਸੇ ਹੁੰਦਾ ਏਂ, ਤੇਰੀ ਭਲਾ ਇਹ ਕੀ ਲਗਦੀ ਏ ?' ਤੇਰੇ ਬਾਪੂ ਨੇ ਪਤਾ ਕੀ ਕਿਹਾ...

ਮੁੰਡਾ : ਕੀ ਕਿਹਾ ?

ਮਾਂ : ਇਹ ਮੇਰੀ ਮਜ਼ਦੂਰ ਸਾਥਣ ਏ, ਮੇਰੀ ਸਭ ਕੁਝ ਲੱਗਦੀ ਏ...

ਮੁੰਡਾ : ਵਾਹ... ਕਿਆ ਬੋਲ ਸਨ ਬਾਪੂ ਦੇ... ਮੇਹਨਤਕਸ਼ ਲੋਕਾਂ ਦੀ ਏਕਤਾ ਦੀ ਸੋਚ...

ਮਾਂ : ਏਨੇਂ ਵਿਚ ਹੋਰ ਮਜ਼ਦੂਰ ਵੀ ਇਕੱਠੇ ਹੋ ਗਏ... ਠੇਕੇਦਾਰ ਵੀ ਆ ਗਿਆ... ਮਸਾਂ ਤੇਰੇ ਬਾਪੂ ਦਾ ਗੁੱਸਾ ਠੰਡਾ ਕੀਤਾ... ਨਹੀਂ ਤਾਂ ਮੁਨਸ਼ੀ ਦੀ ਮੌਤ ਆਈ ਖੜੋਤੀ ਸੀ... ਇਕੋ ਵਾਰ ਦੀ ਲੋੜ ਸੀ...

ਮੁੰਡਾ : ਫੇਰ ਕੀ ਹੋਇਆ ਮਾਂ ?

ਮਾਂ : (ਕਿਸੇ ਹੋਰ ਦੁਨੀਆਂ ਵਿਚ ਪੁੱਜੀ ਦੇ ਲਹਿਜੇ ਵਿਚ) ਫੇਰ ਵਾਕਈ ਮੈਂ ਜ਼ਿੰਦਗੀ ਵਿਚ ਉਹਦੀ ਸਭ ਕੁਝ ਹੋ ਗਈ... ਭੀੜ ਵਿਚ ਉਹਦੇ ਹੱਥ 'ਚ ਪਕੜੀ ਤੇਸੀ ਕਿਥੇ ਗਈ ਕਿਸੇ ਨੂੰ ਕੁਝ ਨਹੀਂ ਪਤਾ, ਪਰ ਮੈਂ ਜਦੋਂ ਥੱਲੇ ਆਈ ਤਾਂ ਉਹ ਮੈਨੂੰ ਲੱਭ ਪਈ... ਉਹ ਮੈਂ ਸਾਂਭੀ ਹੋਈ ਏ... ਤੂੰ ਦੇਖੇਂਗਾ.. ?

ਮੁੰਡਾ : ਹਾਂ ਮਾਂ।

*(ਮਾਂ ਜਾਂਦੀ ਹੈ)*

ਮੁੰਡਾ : (ਆਪਣੇ ਆਪ ਨਾਲ) ਮਾਂ ਦੇ ਚਿਹਰੇ ਦਾ ਜਲਾਲ ਵੇਖਣ ਵਾਲਾ ਸੀ... ਕਿਸੇ ਟੀ.ਵੀ. ਜਾਂ ਫ਼ਿਲਮ ਦੇ ਫਲੈਸ਼ ਬੈਕ ਵਾਕੁਣ ਮੈਂ ਵੀ ਸਭ ਕੁਝ ਵੇਖ ਰਿਹਾ ਸਾਂ... ਇਕ 16 ਸਾਲ ਦੀ ਮਜ਼ਦੂਰ ਕੁੜੀ, ਇਟਾਂ ਸਿਰ 'ਤੇ ਚੁੱਕੀ... ਮਿਸਤਰੀ ਦਾ ਕਹਿਣ, ਮੇਰੀ ਉਹ ਸਭ ਕੁਝ ਲੱਗਦੀ ਏ... ਮੇਰੇ ਨਾਲ ਕੰਮ ਕਰਨ ਵਾਲੀ... ਵਲ ਖਾਂਦੀਆਂ ਪੌੜੀਆਂ ਤੇ ਮੁਨਸ਼ੀ ਦਾ ਮਾਂ ਨਾਲ ਭੈੜੀ ਹਰਕਤ ਕਰਨਾ ਤੇ ਮੁਨਸ਼ੀ ਦਾ ਕਹਿਣ 'ਓਏ ਮਿਸਤਰੀ ਇਹ ਤੇਰੀ ਕੀ ਲੱਗਦੀ ਏ, ਤੂੰ ਵਿਚ ਕਿਉਂ ਪੈਨਾਂ ਏਂ' ਤੇ ਮਿਸਤਰੀ ਦਾ ਕਹਿਣਾ 'ਇਹ ਮੇਰੀ ਸਭ ਕੁਝ ਲੱਗਦੀ ਏ, ਇਹ ਮੇਰੀ ਮਜ਼ਦੂਰ ਸਾਥਣ ਏ...

*(ਮਾਂ ਆਉਂਦੀ ਹੈ)*

ਮਾਂ : ਬੇਟੇ ਦੇਖ ਇਹ ਉਹੀ ਹਥੌੜਾ ਸੀ...

ਮੁੰਡਾ : (ਵੇਖਦਾ ਹੈ, ਬੜਾ ਜਜ਼ਬਾਤੀ ਹੋ ਜਾਂਦਾ ਹੈ) ਮਾਂ ਤੈਨੂੰ ਪਤਾ ਏ ਮਜ਼ਦੂਰਾਂ ਦਾ ਇਕ ਝੰਡਾ ਏ, ਜਿਸ ਦੀ ਰਹਿਨੁਮਾਈ ਥੱਲੇ ਮਜ਼ਦੂਰਾਂ ਨੇ ਆਪਣਾ ਰਾਜ ਬਣਾਇਆ ਸੀ, ਉਹ ਝੰਡੇ ਦਰਮਿਆਨ ਇਕ ਦਾਤਰੀ ਤੇ ਹਥੌੜਾ ਸੀ, ਇਸ ਹਥੌੜੀ ਦਾ ਇਕ ਵੱਡਾ ਰੂਪ...

*(ਇਕ ਵਿਸ਼ੇਸ਼ ਮੁਦਰਾ ਵਿਚ ਦੋਨੋਂ ਖਲੋਤੇ ਹਨ, ਜਦੋਂ ਬਾਪ ਬਾਹਰ ਤੋਂ ਆਉਂਦਾ ਹੈ, ਮਾਂ ਹਥੌੜੀ ਨੂੰ ਆਪਣੇ ਪੱਲੇ ਥੱਲੇ ਛੁਪਾ ਲੈਂਦੀ ਹੈ।)*

ਮੁੰਡਾ : ਅੱਜ ਮਠਿਆਈ ਦਾ ਡੱਬਾ ਕਿਸ ਖੁਸ਼ੀ ਵਿਚ ਏ ?

ਮਿਸਤਰੀ : ਤੈਨੂੰ ਨਹੀਂ ਪਤਾ ? ਅੱਜ ਵਿਸ਼ਕਰਮਾ ਦਿਨ ਏ, ਹਰ ਕਾਰੀਗਰ ਆਪਣੇ ਔਜ਼ਾਰਾਂ ਦੀ ਪੂਜਾ ਕਰਦਾ ਏ, ਥੈਲੇ ਵਿਚ ਸਭ ਔਜ਼ਾਰ ਨੇ, ਚਲੋ ਮੇਰੇ ਨਾਲ।

ਮੁੰਡਾ : ਨਹੀਂ ਬਾਪੂ, ਅੱਜ ਪੂਜਾ ਪਹਿਲੇ ਘਰ ਕਰਨੀ ਏ...

ਮਿਸਤਰੀ : ਘਰ ਕਰਨੀ ਏ ?

ਮੁੰਡਾ : ਤੇਰੇ ਕੋਲ ਸਾਰੇ ਔਜ਼ਾਰ ਨੇ... ਕੋਈ ਨਵੀਂ ਬਿਲਡਿੰਗ ਉਸਾਰਨ ਲਈ... ਪਰ ਮਾਂ ਕੋਲ ਇਕ ਹਥਿਆਰਾਂ ਵਰਗਾ ਔਜ਼ਾਰ ਏ ਨਵਾਂ ਸਮਾਜ ਉਸਾਰਨ ਲਈ...

ਮਿਸਤਰੀ : ਉਹ ਕਿਹੜਾ ?

ਮੁੰਡਾ : ਮਾਂ ਵਿਖਾ ਨਾ ਬਾਪੂ ਨੂੰ ਉਹ ਹਥਿਆਰ।

ਮਾਂ : ਨਹੀਂ ਤੇਰਾ ਬਾਪੂ ਪਹਿਲੇ ਤੇਰਾ ਮੂੰਹ ਮਿੱਠਾ ਕਰਵਾਏ।

ਮਿਸਤਰੀ : ਉਏ ਕੀ ਬੁਝਾਰਤਾਂ ਪਏ ਪਾਉਂਦੇ ਹੋ ਮਾਂ ਪੁੱਤ...

ਮੁੰਡਾ : ਨਾ ਬਾਪੂ ਪਹਿਲਾਂ ਮੂੰਹ ਮਿੱਠਾ...

*(ਮਾਂ ਪੱਲੇ ਥੱਲਿਓਂ ਹਥੌੜੀ ਕੱਢਦੀ ਏ, ਪੁੱਤਰ ਬਾਪੂ ਨੂੰ ਦੇਂਦਾ ਏ... ਬਾਪੂ ਵੇਖਦਾ ਹੈ...)*

ਮੁੰਡਾ : ਬਾਪੂ ਇਹਨੂੰ ਪਛਾਣਦਾ ਏਂ ?

ਮਿਸਤਰੀ : ਉਏ ਇਹ ਤਾਂ ਮੇਰੀ ਹਥੌੜੀ ਏ... ਇਹ ਦਸਤਾ, ਇਹਦੇ ਵਿਚ ਫਸਾਏ ਦੋ ਫਾਨੇ... ਮਜ਼ਬੂਤ ਦਸਤਾ, ਉਏ ਕੰਬਖ਼ਤਾ ਇਹ ਤੈਨੂੰ ਕਿਥੋਂ ਮਿਲੀ ?

ਮੁੰਡਾ : ਬਾਪੂ ਯਾਦ ਕਰ... 20 ਸਾਲ ਪਹਿਲੇ ਤੂੰ ਤੀਜੀ ਮੰਜ਼ਿਲ 'ਤੇ ਕੰਮ ਕਰ ਰਿਹਾ ਸੀ... ਮਾਂ ਇੱਟਾਂ ਢੋਅ ਰਹੀ ਸੀ... ਠੇਕੇਦਾਰ ਦਾ ਮੁਨਸ਼ੀ ਸੀ, ਉਸਨੇ ਮਾਂ ਨਾਲ ਭੈੜੀ ਹਰਕਤ ਕਰਨ ਦੀ ਕੋਸ਼ਿਸ਼ ਕੀਤੀ...

ਯਾਦ ਕਰ ਬਾਪੂ ਤੇਰੇ ਹੱਥ 'ਚ ਹਥੌੜੀ ਸੀ... ਤੂੰ ਗੁੱਸੇ 'ਚ ਸੀ, ਜਿਸ ਤਰ੍ਹਾਂ ਤੂੰ ਮੁਨਸ਼ੀ ਦਾ ਸਿਰ ਫਾੜ ਦੇਣਾ ਸੀ... ਕੰਮ ਕਰਦੇ ਮਜ਼ੂਰਾਂ ਨੇ ਤੈਨੂੰ ਮੁਸ਼ਕਿਲ ਨਾਲ ਕਾਬੂ ਕੀਤਾ ਹੋਇਆ ਸੀ... ਤੇਰੇ ਹੱਥ 'ਚ ਪਕੜੀ ਹਥੌੜੀ ਪਤਾ ਨਹੀਂ ਕਿਸ ਵੇਲੇ ਡਿੱਗ ਪਈ... ਤੀਜ਼ੀ ਮੰਜ਼ਿਲ ਤੋਂ ਐਨ ਥੱਲੇ... ਯਾਦ ਕਰ ਬਾਪੂ...

ਮਿਸਤਰੀ : (ਜਿਸ ਤਰ੍ਹਾਂ ਸਭ ਕੁਝ ਯਾਦ ਕਰਦਿਆਂ) ਹਾਂ ਯਾਦ ਆਇਆ ਮੈਂ ਇਸ ਹਥੌੜੀ ਨੂੰ ਬੜਾ ਲੱਭਿਆ... ਪਰ ਇਹ ਲੱਭੀ ਨਾ।

ਮਾਂ : ਲੱਭਦੀ ਕਿਥੋਂ ? ਮੈਂ ਤਾਂ ਇਸਨੂੰ ਸੀਨੇ ਨਾਲ ਲਾ ਕੇ ਰੱਖਿਆ ਸੀ... ਪਲੇ ਦੇ ਥੱਲੇ... ਇਹ ਮੇਰੀ ਲਈ ਤੇਰੀ ਦਿੱਤੀ ਹੋਈ ਜ਼ਿੰਦਗੀ ਦੀ ਸਭ ਤੋਂ ਕੀਮਤੀ ਸੌਗਾਤ ਏ...

*(ਮਿਸਤਰੀ ਹਥੌੜੀ ਨੂੰ ਇਕ ਵਿਸ਼ੇਸ਼ ਮੁਦਰਾ ਵਿਚ ਚੁੱਕਦਾ ਏ... ਮਾਂ ਤੇ ਪੁੱਤਰ ਉੱਤੇ ਵੱਲ ਵੇਖਦੇ ਨੇ ਇਸੇ ਮੁਦਰਾ ਵਿਚ ਨਾਟਕ ਮੁੱਕਦਾ ਏ।)*

*(ਸਮਾਪਤ)*

ਟੇਪ ਤੋਂ ਗੀਤ ਦੇ ਬੋਲ : ਹਮ ਮਿਹਨਤਕਸ਼ ਜਬ ਜਗ ਵਾਲੋਂ ਸੇ
ਆਪਣਾ ਹਿੱਸਾ ਮਾਂਗੇਗੇ
ਇਕ ਖਤੇ ਨਹੀਂ, ਇਕ ਦੇਸ਼ ਨਹੀਂ
ਹਮ ਸਾਰੀ ਦੁਨੀਆ ਮਾਂਗੇਗੇ

ਮੁੰਡਾ : ਨਹੀਂ ਬਾਪੂ ਅੱਜ ਇਸ ਹਥਿਆਰ ਨੂੰ ਏਨੇ ਢਿੱਲੇ ਹੱਥਾਂ ਨਾਲ ਫੜਨ ਦਾ ਵੇਲਾ ਨਹੀਂ ਸਗੋਂ ਇਸ ਨੂੰ ਸ਼ਕਤੀ ਨਾਲ ਉੱਚਾ ਚੁੱਕਣ ਦਾ ਵੇਲਾ ਏ।